**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ**

ਹੁਕਮ ਨੰ: 10/116-05 ਅ3(2) ਕੋ:ਸੈਲ:4
ਮਿਤੀ, ਐਸ.ਏ.ਐਸ.ਨਗਰ :- 02.03.2017

ਸ਼੍ਰੀ ਪ੍ਰਦੀਪ ਕੁਮਾਰ, ਪੰਜਾਬੀ ਮਾਸਟਰ, ਸਹਸ ਮੇਘੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਜੋ ਮਿਤੀ 04-09-02 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲਿਆ ਆ ਰਿਹਾ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 10/116-05 ਅ3(2) ਮਿਤੀ 29-07-05/31-07-06 ਰਾਹੀਂ ਪੰਜਾਬ ਸਿਵਲ ਸੇਵਾਵਾਂ(ਦੰਡ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5(v-ix) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ।

ਸ਼੍ਰੀ ਪ੍ਰਦੀਪ ਕੁਮਾਰ, ਪੰਜਾਬੀ ਮਾਸਟਰ, ਸਹਸ ਮੇਘੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਹੁਕਮ ਨੰ: 10/98-09 ਅ3(2) ਮਿਤੀ 02.05.11 ਰਾਹੀਂ ਜਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸਿਆਰਪੁਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਆਪਣੀ ਪੜਤਾਲ ਰਿਪੋਰਟ ਵਿੱਚ ਕਰਮਚਾਰੀ ਦੇ ਮਿਤੀ 31.07.03 ਤੋਂ ਹੁਣ ਤੱਕ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਕੀਤਾ।

ਕੁਦਰਤੀ ਨਿਆਂ ਨੂੰ ਮੁੱਖ ਰੱਖਦਿਆਂ ਹੋਇਆ ਸ਼੍ਰੀ ਪ੍ਰਦੀਪ ਕੁਮਾਰ, ਪੰਜਾਬੀ ਮਾਸਟਰ, ਸਹਸ ਮੇਘੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ ਮਿਤੀ 29.12.16 ਨੂੰ " ਦ ਟ੍ਰਿਬਿਊਨ" ਵਿੱਚ ਪਬਲਿਕ ਨੋਟਿਸ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 2 ਤੇ ਕਰਮਚਾਰੀ ਦਾ ਨਾਮ ਦਰਸਾਇਆ ਗਿਆ। ਇਸ ਪਬਲਿਕ ਨੋਟਿਸ ਰਾਹੀਂ ਇਸ ਕਰਮਚਾਰੀ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿੱਚ ਜੇਕਰ ਕੁਝ ਕਹਿਣਾ ਚਾਹੁੰਦਾ ਹੈ ਤਾਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਉੱਤਰ ਦੇਵੇ। ਜੇਕਰ ਉਸ ਵੱਲੋਂ ਮਿੱਥੇ ਸਮੇਂ ਅੰਦਰ ਕੋਈ ਉੱਤਰ ਨਹੀਂ ਦਿੱਤਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁਝ ਨਹੀਂ ਕਹਿਣਾ ਚਾਹੁੰਦਾ ਅਤੇ ਉਸ ਵਿਰੁੱਧ ਆਰੰਭੀ ਅਨੁਸ਼ਾਸਨੀ ਕਾਰਵਾਈ ਨੂੰ ਮੁਕੰਮਲ ਕਰਦੇ ਹੋਏ ਉਸ ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ(ਸਜ਼ਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5(viii) ਤਹਿਤ ਖਤਮ ਕਰ ਦਿੱਤੀਆਂ ਜਾਣਗੀਆਂ। ਪਰੰਤੂ ਇਸ ਨੋਟਿਸ ਦੇ ਜਵਾਬ ਵਿੱਚ ਕਰਮਚਾਰੀ ਨੇ ਨਾ ਤਾਂ ਕੋਈ ਉੱਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋਂ ਇਹ ਸਪਸ਼ਟ ਹੈ ਕਿ ਕਰਮਚਾਰੀ ਸਰਕਾਰੀ ਨੌਕਰੀ ਚਾਲੂ ਰੱਖਣ ਵਿੱਚ ਦਿਲਚਸਪੀ ਨਹੀਂ ਰੱਖਦਾ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਸੁਖਦੇਵ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀ ਪ੍ਰਦੀਪ ਕੁਮਾਰ, ਪੰਜਾਬੀ ਮਾਸਟਰ, ਸਹਸ ਮੇਘੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਦੇ ਮਿਤੀ 31.07.2003 ਤੋਂ ਹੁਣ ਤੱਕ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (VIII) ਅਧੀਨ ਇਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਸੁਖਦੇਵ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 2916-19      ਮਿਤੀ, ਐਸ.ਏ.ਐਸ.ਨਗਰ :- 9-3-17

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ। (ਰਜਿ)
3. ਪ੍ਰਿੰਸੀਪਲ/ਮੁੱਖਅਧਿਆਪਕ, ਸਹਸ ਮੇਘੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ। ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਵੀ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ।
4. ਸ਼੍ਰੀ ਪ੍ਰਦੀਪ ਕੁਮਾਰ, ਪੰਜਾਬੀ ਮਾਸਟਰ, ਸਹਸ ਮੇਘੋਵਾਲ, ਜ਼ਿਲ੍ਹਾ ਹੁਸ਼ਿਆਰਪੁਰ।

ਸੁਪਰਡੰਟ ਕੋਆਰਡੀਨੇਸ਼ਨ ਸੈਲ

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ

ਹੁਕਮ ਨੰ: 5/111-2016 ਦਅ(5) ਕੋ:ਸੈਲ:3
ਮਿਤੀ, ਐਸ.ਏ.ਐਸ.ਨਗਰ :- 03.03.2017

ਸ਼੍ਰੀ ਸਤਵਿੰਦਰ ਸਿੰਘ, ਐਸ.ਐਲ.ਏ, ਸਸਸਸ ਨੰਦਪੁਰ ਕਲੌੜ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਜੋ ਮਿਤੀ 02-12-13 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲਿਆ ਆ ਰਿਹਾ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 5/111-16 ਦਅ (5) ਕੋ:ਸ:3 ਮਿਤੀ 03-05-16/17-05-16 ਰਾਹੀਂ ਪੰਜਾਬ ਸਿਵਲ ਸੇਵਾਵਾਂ(ਦੰਡ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5(v-ix) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ।

ਸ਼੍ਰੀ ਸਤਵਿੰਦਰ ਸਿੰਘ, ਐਸ.ਐਲ.ਏ, ਸਸਸਸ ਨੰਦਪੁਰ ਕਲੌੜ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵੱਲੋਂ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਹੁਕਮ ਨੰ: 5/111-16 ਦਅ(5) ਕੋ:ਸ:3 ਮਿਤੀ 15.07.16/19.07.16 ਰਾਹੀਂ ਸ਼੍ਰੀ ਰਵਿੰਦਰ ਸਿੰਘ, ਜ਼ਿਲ੍ਹਾ ਸਿਖਿਆ ਅਫਸਰ (ਸੈਸਿ) ਫਤਿਹਗੜ੍ਹ ਸਾਹਿਬ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਆਪਣੀ ਪੜਤਾਲ ਰਿਪੋਰਟ ਵਿੱਚ ਕਰਮਚਾਰੀ ਦੇ ਮਿਤੀ 02.12.13 ਤੋਂ ਹੁਣ ਤੱਕ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਕੀਤਾ।

ਕੁਦਰਤੀ ਨਿਆਂ ਨੂੰ ਮੁੱਖ ਰੱਖਦਿਆਂ ਹੋਇਆ ਸ਼੍ਰੀ ਸਤਵਿੰਦਰ ਸਿੰਘ, ਐਸ.ਐਲ.ਏ, ਸਸਸਸ ਨੰਦਪੁਰ ਕਲੌੜ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਨੂੰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ ਮਿਤੀ 29.12.16 ਨੂੰ " ਦ ਟ੍ਰਿਬਿਊਨ" ਵਿੱਚ ਪਬਲਿਕ ਨੋਟਿਸ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 1 ਤੇ ਕਰਮਚਾਰੀ ਦਾ ਨਾਮ ਦਰਸਾਇਆ ਗਿਆ। ਇਸ ਪਬਲਿਕ ਨੋਟਿਸ ਰਾਹੀਂ ਇਸ ਕਰਮਚਾਰੀ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿੱਚ ਜੇਕਰ ਕੁਝ ਕਹਿਣਾ ਚਾਹੁੰਦਾ ਹੈ ਤਾਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਉੱਤਰ ਦੇਵੇ। ਜੇਕਰ ਉਸ ਵੱਲੋਂ ਮਿੱਥੇ ਸਮੇਂ ਅੰਦਰ ਕੋਈ ਉੱਤਰ ਨਹੀਂ ਦਿੱਤਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁਝ ਨਹੀਂ ਕਹਿਣਾ ਚਾਹੁੰਦਾ ਅਤੇ ਉਸ ਵਿਰੁੱਧ ਆਰੰਭੀ ਅਨੁਸ਼ਾਸਨੀ ਕਾਰਵਾਈ ਨੂੰ ਮੁਕੰਮਲ ਕਰਦੇ ਹੋਏ ਉਸ ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ(ਸਜ਼ਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5(viii) ਤਹਿਤ ਖਤਮ ਕਰ ਦਿੱਤੀਆਂ ਜਾਣਗੀਆਂ। ਪਰੰਤੂ ਇਸ ਨੋਟਿਸ ਦੇ ਜਵਾਬ ਵਿੱਚ ਕਰਮਚਾਰੀ ਨੇ ਨਾ ਤਾਂ ਕੋਈ ਉੱਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋਂ ਇਹ ਸਪਸ਼ਟ ਹੈ ਕਿ ਕਰਮਚਾਰੀ ਸਰਕਾਰੀ ਨੌਕਰੀ ਚਾਲੂ ਰੱਖਣ ਵਿੱਚ ਦਿਲਚਸਪੀ ਨਹੀਂ ਰੱਖਦਾ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਸੁਖਦੇਵ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀ ਸਤਵਿੰਦਰ ਸਿੰਘ, ਐਸ.ਐਲ.ਏ, ਸਸਸਸ ਨੰਦਪੁਰ ਕਲੌੜ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਮਿਤੀ 02-12-2013 ਤੋਂ ਹੁਣ ਤੱਕ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਗੈਰਹਾਜ਼ਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (VIII) ਅਧੀਨ ਇਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਸੁਖਦੇਵ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿ੍ਠ ਅੰਕਣ ਨੰ: ਉਕਤ 3005-08 ਮਿਤੀ, ਐਸ.ਏ.ਐਸ.ਨਗਰ :- 9-3-17

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਨਾਭਾ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਫਤਿਹਗੜ੍ਹ ਸਾਹਿਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ। (ਰਜਿ)
3. ਪ੍ਰਿੰਸੀਪਲ/ਮੁੱਖਅਧਿਆਪਕ, ਸਸਸਸ ਨੰਦਪੁਰ ਕਲੌੜ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ। ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪੱਤੇ ਤੇ ਵੀ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ।
4. ਸ਼੍ਰੀ ਸਤਵਿੰਦਰ ਸਿੰਘ, ਐਸ.ਐਲ.ਏ, ਸਸਸਸ ਨੰਦਪੁਰ ਕਲੌੜ, ਜ਼ਿਲ੍ਹਾ ਫਤਿਹਗੜ੍ਹ ਸਾਹਿਬ।

ਸੁਪਰਡੰਟ ਕੋਆਰਡੀਨੇਸ਼ਨ ਸੈਲ